ਪ੍ਰਕਾਸ਼ਨ ਨੰ: 285

ਸ਼ਹੀਦ ਸੁੱਖਾ ਸਿੰਘ ਮਹਿਤਾਬ ਸਿੰਘ



30 ਰੁਪਏ

ਪ੍ਰਕਾਸ਼ਕ :
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

ਸ਼ਹੀਦ ਸੁੱਖਾ ਸਿੰਘ, ਮਹਿਤਾਬ ਸਿੰਘ

ਸੰਨ 1734 ਨੂੰ ਭਾਈ ਮਨੀ ਸਿੰਘ ਜੀ ਨੂੰ ਲਾਹੌਰ ਵਿਖੇ ਬੰਦ-ਬੰਦ ਕਟ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਸਾਹਿਬ ਦੀ ਸ਼ਹਾਦਤ ਨੇ ਸਿੱਖਾਂ ਵਿੱਚ ਗੁੱਸੇ ਤੇ ਜੋਸ਼ ਦੀ ਲਹਿਰ ਭਰ ਦਿੱਤੀ। ਸਿੱਖਾਂ ਨੇ ਫ਼ੈਸਲਾ ਕੀਤਾ ਕਿ ਜਿਨ੍ਹਾਂ ਹਤਿਆਰਿਆਂ ਦਾ ਭਾਈ ਸਾਹਿਬ ਦੀ ਸ਼ਹੀਦੀ ਵਿੱਚ ਹੱਥ ਹੈ, ਉਹਨਾਂ ਨੂੰ ਪਾਰ ਬੁਲਾਇਆ ਜਾਵੇ। ਬੰਦ-ਬੰਦ ਕੱਟਣ ਦੀ ਸਜ਼ਾ ਅਬਦੁਲ ਰਜ਼ਾਕ ਦੀ ਨਿਗਰਾਨੀ ਵਿੱਚ ਭੁਗਤਾਈ ਗਈ ਸੀ। ਉਹ ਭਾਈ ਸਾਹਿਬ ਦੀ ਗ੍ਰਿਫਤਾਰੀ ਵੇਲੇ ਲਖਪਤ ਰਾਇ ਦੇ ਨਾਲ ਸੀ। ਸਿੰਘਾਂ ਨੇ ਪਿਛੋਂ ਸਮਾਂ ਪਾ ਕੇ ਕਾਜ਼ੀ ਦੇ ਜੱਦੀ ਪਿੰਡ ਅਲੀਗੜ੍ਹ (ਜ਼ਿਲ੍ਹਾ ਗੁਜਰਾਂਵਾਲਾ) ਨੂੰ ਉਜਾੜ ਕੇ ਉਸ ਦਾ ਨਾਂ ਅਕਾਲਗੜ੍ਹ ਰੱਖਿਆ ਤੇ ਭਾਈ ਮਨੀ ਸਿੰਘ ਜੀ ਦੇ ਭਤੀਜੇ ਸ: ਅੱਘੜ ਸਿੰਘ ਨੇ ਦਿਨ ਦਿਹਾੜੇ ਅਬਦੁਲ ਰਜ਼ਾਕ ਨੂੰ ਕਤਲ ਕਰ ਦਿੱਤਾ।

ਜਿਸ ਕਾਜ਼ੀ ਨੇ ਫ਼ਤਵਾ ਦਿੱਤਾ ਸੀ, ਉਸ ਨੂੰ ਭਾਈ ਮਨੀ ਸਿੰਘ ਦੇ ਭਤੀਜੇ ਸ: ਥਰਾਜ ਸਿੰਘ ਨੇ ਉਹਦੇ ਘਰ ਮੁਜੰਗ ਲਾਹੌਰ ਜਾ ਕੇ ਕਤਲ ਕੀਤਾ। ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਉੱਤੇ ਸਖ਼ਤੀ ਦਾ ਦੌਰ ਹੋਰ ਵਧ ਗਿਆ। ਸਿੱਖ ਵੀ ਇਹਨਾਂ ਜ਼ੁਲਮਾਂ ਤੋਂ ਬਚਣ ਲਈ ਲੱਖੀ ਜੰਗਲ, ਰਾਜਪੂਤਾਨੇ ਦੇ ਰੇਗਿਸਤਾਨ ਅਤੇ ਕਾਹਨੂੰਵਾਨ ਦੇ ਛੰਭਾਂ ਵਿੱਚ ਚਲੇ ਗਏ।

ਲਾਹੌਰ ਦੇ ਸੂਬੇਦਾਰ (ਗਵਰਨਰ) ਜ਼ਕਰੀਆ ਖ਼ਾਨ ਨੂੰ ਜ਼ੁਲਮ ਕਮਾਉਣ ਦਾ ਮੌਕਾ ਮਿਲ ਗਿਆ। ਉਸ ਨੇ ਸਾਰੀ ਤਾਕਤ ਪੰਜਾਬ ਵਿੱਚੋਂ ਸਿੱਖਾਂ ਨੂੰ ਮੁਕਾਉਣ ਉਤੇ ਲਗਾ ਦਿੱਤੀ। ਚੌਧਰੀਆਂ, ਮੁਕੱਦਮਾਂ ਤੇ ਫ਼ੌਜਦਾਰਾਂ ਨੂੰ ਖ਼ਾਸ ਸੁਨੇਹੇ ਭੇਜੇ। ਤਲਵੰਡੀ ਦਾ ਰਾਮਾ ਰੰਧਾਵਾ, ਛੀਨੇ ਦਾ ਕਰਮਾ ਚੌਧਰੀ ਅਤੇ ਸਾਹਿਬ ਰਾਇ ਸੰਧੂ, ਜੰਡਿਆਲੇ ਦਾ ਹਰਿ ਭਗਤ ਨਿਰੰਜਨੀਆ, ਮੰਡਿਆਲੀ ਦਾ ਚੌਧਰੀ ਮੱਸਾ ਰੰਘੜ ਸਿੱਖਾਂ ਤੇ ਅਤਿਆਚਾਰ ਕਰਨ ਵਿੱਚ ਲੱਗੇ ਹੋਏ ਸਨ।

ਹਕੂਮਤ ਨੇ ਹਰਿਮੰਦਰ ਸਾਹਿਬ ਤੇ ਕਬਜਾ ਕਰ ਲਿਆ ਤੇ ਅੰਮ੍ਰਿਤ ਸਰੋਵਰ ਨੂੰ ਪੂਰਨ ਦਾ ਫ਼ੁਰਮਾਨ ਜਾਰੀ ਕੀਤਾ। ਮੰਡਿਆਲੀ ਦੇ ਚੌਧਰੀ ਮੱਸਾ ਰੰਘੜ ਨੂੰ ਖੁੱਲ੍ਹ ਦਿੱਤੀ ਕਿ ਉਹ ਹਰਿਮੰਦਰ ਸਾਹਿਬ ਦੀ ਬੇਅਦਬੀ ਕਰੇ। ਉਹ ਤਾਂ ਪਹਿਲਾਂ ਹੀ ਸਿੱਖਾਂ ਦਾ ਵੈਰੀ ਸੀ। ਇਹ ਪਰਲੇ ਦਰਜੇ ਦਾ ਐਬੀ, ਦੁਰਾਚਾਰੀ ਤੇ ਸ਼ੈਤਾਨੀ ਰੂਹ ਵਾਲਾ ਬੰਦਾ ਸੀ। ਇਸ ਪਾਪੀ ਨੇ ਧਰਮ ਦੇ ਸਭ ਤੋਂ ਵੱਡੇ ਸੋਮੇ ਹਰਿਮੰਦਰ ਸਾਹਿਬ ਵਿੱਚ ਹੀ ਆਪਣਾ ਪਾਪਾਂ ਭਰਿਆ ਪਲੰਘ ਵਿਛਾ ਲਿਆ। ਇਹ ਇਖਲਾਕ ਦੀਆਂ ਸਾਰੀਆਂ ਹੱਦਾਂ ਟੱਪ ਕੇ ਹਰਿਮੰਦਰ ਸਾਹਿਬ ਵਿੱਚ ਹੀ ਹੁੱਕਾ ਪੀਂਦਾ ਤੇ ਵੇਸਵਾਵਾਂ ਦੇ ਨਾਚ ਨਚਾਉਣ ਲੱਗਾ। ਅੰਮ੍ਰਿਤ ਦੇ ਸੋਮੇ ਅੰਦਰ ਸ਼ਰਾਬ ਦੇ ਦੌਰ ਚੱਲ ਪਏ। ਪਾਪਾਂ ਭਰੀਆਂ ਮਜਲਿਸਾਂ ਹਰਿਮੰਦਰ ਸਾਹਿਬ ਅੰਦਰ ਲੱਗਣ ਲੱਗ ਪਈਆਂ।

ਇਹ ਦੁਰਦਸ਼ਾ ਸਿੱਖਾਂ ਤੋਂ ਸਹਾਰੀ ਨਾ ਗਈ। ਭਾਈ ਬੁਲਾਕਾ ਸਿੰਘ ਨਾਮ ਦੇ ਇਕ ਸਿੰਘ, ਜੋ ਕਿ ਪਿੰਡ ਕੰਗ ਦੇ ਰਹਿਣ ਵਾਲੇ ਸਨ, ਨੇ ਮੱਸੇ ਦੀ ਕਰਤੂਤ ਦੀ ਖ਼ਬਰ ਬੀਕਾਨੇਰ ਦੇ ਰੇਗਿਸਤਾਨ ਵਿੱਚ ਸਿੰਘਾਂ ਨੂੰ ਜਾ ਦੱਸੀ ਕਿ ਅੰਮ੍ਰਿਤਸਰ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਅਤਿ ਹੋ ਗਈ ਹੈ। ਮੱਸਾ ਰੰਘੜ ਹਰਿਮੰਦਰ ਸਾਹਿਬ ਵਿੱਚ ਨੀਚਤਾ ਭਰੇ ਕਰਮ ਕਰ ਰਿਹਾ ਹੈ।

ਇਹ ਸੁਣਦੇ ਸਾਰੇ ਹੀ ਜਥੇਦਾਰ ਬੁੱਢਾ ਸਿੰਘ ਜੀ ਨੇ ਬੁਲਾਕਾ ਸਿੰਘ ਨੂੰ ਕਿਹਾ ਕਿ **ਤੂੰ ਗੁਰੂ ਘਰ ਦੀ ਬੇਅਦਬੀ ਤੱਕ ਕੇ ਜ਼ਿੰਦਾ ਕਿਉਂ ਮੁੜ ਆਇਆ ਹੈਂ, ਉਥੇ ਹੀ ਪ੍ਰਾਣ ਕਿਉਂ ਨਾ ਤਿਆਗ ਦਿੱਤੇ? ਗੁਰੂ ਦਸਮੇਸ਼ ਦਾ ਸਿੰਘ ਹੋ ਕੇ ਕੰਡ ਕਿਉਂ ਵਿਖਾ ਦਿੱਤੀ ਹੈ? ਜਿਹੜੀ ਕੌਮ ਅਣਖ ਗੁਆ ਲਵੇ, ਉਹ ਬਹੁਤੀ ਦੇਰ ਜਿਉਂਦੀ ਨਹੀਂ ਰਹਿ ਸਕਦੀ, ਜਿਹੜੀਆਂ ਕੌਮਾਂ ਨੂੰ ਮਰਨ ਦਾ ਚਾਅ ਹੁੰਦਾ ਹੈ, ਉਹ ਕੌਮਾਂ ਰਾਜ ਕਰਦੀਆਂ ਹਨ। ਤੂੰ ਉਥੇ ਹੀ ਖੰਡਾ ਖੜਕਾਉਂਦਾ ਤੇ ਲੜ ਕੇ ਸ਼ਹੀਦ ਹੋ ਜਾਂਦਾ; ਮਿਆਨ ਵਿੱਚੋਂ ਆਪਣੀ ਤੇਗ ਧੂਹ ਕੇ ਮੱਸੇ ਦਾ ਸਿਰ ਧੌਣ ਨਾਲੋਂ ਅਲੱਗ ਕਰ ਦਿੰਦਾ। ਤੂੰ ਖਾਨਾਂ ਦੇ ਡੱਕਰੇ ਕਰ ਦਿੰਦਾ ਤਾਂ ਕਿ ਉਹ ਤੋਬਾ-ਤੋਬਾ ਕਰ ਉਠਦੇ ਤੇ ਅੱਗੋਂ ਵਾਸਤੇ ਹਰਿਮੰਦਰ ਵਿੱਚ ਕਦੀ ਪੈਰ ਨਾ ਪਾਉਂਦੇ।**

ਭਾਈ ਬੁਲਾਕਾ ਸਿੰਘ ਨੇ ਜੁਆਬ ਦਿੱਤਾ ਕਿ ਮੈਂ ਮਰਨ ਤੋਂ ਨਹੀਂ ਡਰਦਾ; ਮੈਂ ਤਾਂ ਸਿਰਫ ਪੰਥ ਨੂੰ ਖ਼ਬਰ ਦੇਣ ਆਇਆ ਹਾਂ ਕਿ ਜ਼ਕਰੀਆ ਬੜੇ ਹੰਕਾਰ ਦੇ ਬੋਲ ਬੋਲਦਾ ਹੈ ਤੇ ਕਹਿ ਰਿਹਾ ਹੈ ਕਿ ਉਹ ਸਿੱਖ ਨਹੀਂ ਰਹੇ ਜੋ ਅਣਖ ਲਈ ਲੜ ਮਰਦੇ ਸਨ। ਇਹ ਸਿੱਖ ਕੇਵਲ ਨਾਮ ਦੇ ਸਿੰਘ ਹਨ। ਤੁਸੀਂ ਤਾਂ ਜਾਨਾਂ ਬਚਾ ਕੇ ਇਥੇ ਤੁਰ ਆਏ ਹੋ ਪਰ ਜੋ ਪੰਜਾਬ ਵਿੱਚ ਹਨ ਉਹ ਸ਼ਹੀਦੀਆਂ ਪਾ ਰਹੇ ਹਨ। ਅਕਾਲ ਅਕਾਲ ਬੋਲ ਸੀਸ ਵਾਰ ਰਹੇ ਹਨ।

ਇਸ ਬੋਲੀ ਨੇ ਖ਼ਾਲਸੇ ਨੂੰ ਗੋਲੀ ਵਾਂਗ ਵਿੰਨ੍ਹਿਆ (ਸਭ ਦੇ ਨੇਤਰ ਸਜਲ ਹੋ ਗਏ, ਡੌਲੇ ਫਰਕਣ ਲਗ ਪਏ। ਲਹੂ ਖੌਲਣ ਲੱਗ ਪਿਆ, ਅੱਖਾਂ ਲਾਲ ਹੋ ਗਈਆਂ, ਸਿੰਘਾਂ ਦੇ ਹੱਥ ਤਲਵਾਰਾਂ ਦੀਆਂ ਮੁੱਠਾਂ 'ਤੇ ਚਲੇ ਗਏ। ਸਿੱਖੀ ਅਣਖ ਤਰਲੋ ਮੱਛੀ ਹੋ ਉਠੀ। ਇਹ ਖਿਆਲ ਉਹਨਾਂ ਦੇ ਅੰਦਰ ਉਬਾਲੇ ਖਾਣ ਲੱਗਾ ਕਿ ਸਿਰ ਵਾਰ ਕੇ ਧਰਮ ਦੀ ਰਾਖੀ ਕੀਤੀ ਜਾ ਸਕਦੀ ਹੈ, ਸਿਰ ਲੁਕੋ ਕੇ ਨਹੀਂ। ਜਥੇਦਾਰ ਬੁੱਢਾ ਸਿੰਘ ਨੇ ਕਿਹਾ ਕਿ ਜੋ ਭਾਜੀ ਮੁਗਲਾਂ ਨੇ ਸਾਨੂੰ ਪਾਈ ਹੈ, ਉਹ ਦੂਣੀ ਚੌਣੀ ਕਰਕੇ ਵਾਪਸ ਕਰਨੀ ਹੈ; ਹਰਿਮੰਦਰ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾ ਜ਼ਰੂਰ ਦੇਣੀ ਹੈ। ਸਾਡਾ ਜਗ 'ਤੇ ਜਿਊਣਾ ਕਾਹਦਾ, ਜੇ ਅਸੀਂ ਮੱਸੇ ਦੀ ਅਲਖ ਨਹੀਂ ਮੁਕਾਉਂਦੇ? ਹਰਿਮੰਦਰ ਸਾਨੂੰ ਜਾਨ ਤੋਂ ਪਿਆਰਾ ਹੈ। ਜਿਹੜਾ ਸਿੰਘ ਮੱਸੇ ਦਾ ਸਿਰ ਵੱਢ ਕੇ ਲਿਆਏਗਾ, ਉਹ ਗੁਰੂ ਘਰ ਦੀ ਖ਼ੁਸ਼ੀ ਪ੍ਰਾਪਤ ਕਰੇਗਾ। ਜਥੇਦਾਰ ਦੀ ਲਲਕਾਰ ਸੁਣ ਕੇ ਦੀਵਾਨ ਵਿੱਚੋਂ ਪਿੰਡ ਮੀਰਾਂ ਕੋਟ ਦੇ ਭਾਈ ਮਹਿਤਾਬ ਸਿੰਘ ਤੇ ਪਿੰਡ ਮਾੜੀ ਕੰਬੋਕੀ ਦੇ ਭਾਈ ਸੁਖਾ ਸਿੰਘ ਜੀ ਉੱਠ ਕੇ ਬੇਨਤੀ ਕੀਤੀ **"ਖ਼ਾਲਸਾ ਜੀ ! ਸਾਨੂੰ ਆਗਿਆ ਦਿਓ, ਅਸੀਂ ਪਾਪੀ ਮੱਸੇ ਰੰਘੜ ਦਾ ਸਿਰ ਵੱਢ ਕੇ ਲਿਆਈਏ। ਸ਼ਹੀਦੀ ਪਾ ਗਏ ਤਾਂ ਗੁਰੂ ਚਰਨਾਂ ਵਿੱਚ ਜਾਵਾਂਗੇ। ਇਸ ਤੋਂ ਵੱਧ ਚੰਗੇ ਭਾਗ ਕੀ ਹੋ ਸਕਦੇ ਹਨ? ਮੌਤ ਵੇਖ ਕੇ ਜੋ ਡਰ ਜਾਏ ਉਹਦੀ ਕਿਧਰੇ ਵੀ ਗੱਲ ਨਹੀਂ ਬਣਦੀ। ਆਪਣੇ ਜੀਣ ਲਈ ਜਿਹੜਾ ਈਮਾਨ ਵੇਚੇ ਉਹਦੇ ਜੀਣ ਦਾ ਕੋਈ ਹੱਜ ਨਹੀਂ। ਜਿਹੜਾ ਕੁਰਬਾਨੀ ਤੋਂ ਪਿੱਛੇ ਹਟ ਜਾਵੇ, ਉਹ ਅੱਜ ਵੀ ਨਹੀਂ ਤੇ ਕੱਲ੍ਹ ਵੀ ਨਹੀਂ। ਅਸਲ ਵਿੱਚ ਉਹ ਮਰ ਕੇ ਵੀ ਜਿਊਂਦੇ ਹਨ, ਜਿਹੜੇ ਧਰਮ ਲਈ ਮਰ ਮਿਟਦੇ ਹਨ। ਗੁਰੂ ਦਰਸਾਏ ਮਾਰਗ 'ਤੇ ਚਲਦਿਆਂ ਜੇ ਸੀਸ ਵਾਰ ਦਿੱਤਾ ਜਾਏ ਤਾਂ ਜਨਮ-ਮਰਨ ਦੋਵੇਂ ਸਫਲ ਹੋ ਜਾਂਦੇ ਹਨ।"**

ਜੇ ਕਰ ਸੀਸ ਲਗੇ ਗੁਰ ਅਰਥ।
ਧੰਨ ਜਨਮ ਧੰਨ ਮਰਣ ਸਮਰਥ। *(ਪ੍ਰਾਚੀਨ ਪੰਥ ਪ੍ਰਕਾਸ਼)*



ਸਿੰਘਾਂ ਦੀ ਅਸ਼ੀਰਵਾਦ ਲੈ ਕੇ ਤੇ ਗੁਰੂ ਅੱਗੇ ਅਰਦਾਸਾ ਸੋਧ ਕੇ ਦੋਵੇਂ ਸੂਰਮੇ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਘੋੜਿਆਂ ਤੇ ਸਵਾਰ ਹੋ ਕੇ ਦੁਸ਼ਟ ਮੱਸੇ ਨੂੰ ਸੋਧਣ ਲਈ ਪੰਜਾਬ ਵੱਲ ਚੱਲ ਪਏ। ਗਰਮੀ ਕਹਿਰਾਂ ਦੀ ਸੀ ਪਰ ਸਿੰਘ ਵਧਦੇ ਹੀ ਗਏ। ਸੂਰਜ ਢਲ ਗਿਆ। ਸਿੰਘਾਂ ਨੇ ਘੋੜਿਆਂ ਦੀਆਂ ਲਗਾਮਾਂ ਖਿੱਚੀਆਂ, ਘੋੜਿਆਂ ਤੋਂ ਉਤਰੇ ਤੇ ਨਾਲ ਹੀ ਇਕ ਖੂਹ 'ਤੇ ਡੇਰਾ ਕੀਤਾ। ਖੂਹ ਦਾ ਮਾਲਕ ਖੇਤਾਂ ਨੂੰ ਪਾਣੀ ਦੇ ਰਿਹਾ ਸੀ। ਜ਼ਿਮੀਦਾਰ ਨੇ ਕਿਸੇ ਹੋਰ ਪਿੰਡ ਦੇ ਧਨਾਢ ਚੌਧਰੀ ਜਾਣ ਕੇ ਯਥਾ-ਸ਼ਕਤਿ ਸੇਵਾ ਕੀਤੀ, ਹੋਰ ਸੇਵਾ ਪੁੱਛਣ 'ਤੇ ਸਿੰਘਾਂ ਨੇ ਕਿਹਾ ਕਿ ਪਿੰਡਾਂ ਦੇ ਚੌਧਰੀ ਹਾਂ, ਥੱਕੇ ਹੋਣ ਕਰਕੇ ਰਾਤ ਤੇਰੀ ਹਵੇਲੀ ਵਿੱਚ ਰੁਕਣਾ ਚਾਹਵਾਂਗੇ। ਜਿਮੀਂਦਾਰ ਦੀ ਸਹਿਮਤੀ ਨਾਲ ਦੋਨੋਂ ਸੂਰਮੇ ਟਹਿਲਦੇ ਹੋਏ ਖੇਤ ਦੀ ਵੱਟ 'ਤੇ ਬੈਠ ਗਏ ਜਿਧਰ ਦੂਰ ਤਕ ਕੋਈ ਵੀ ਆਦਮੀ ਨਜ਼ਰ ਨਹੀਂ ਸੀ ਆ ਰਿਹਾ।

ਰਹਰਾਸਿ ਸਾਹਿਬ ਦੇ ਪਾਠ ਦਾ ਸਮਾਂ ਸੀ, ਦੋਹਾਂ ਨੇ ਹੱਥ ਜੋੜੇ ਤੇ ਸੁਰਤ ਅਕਾਲਪੁਰਖ ਨਾਲ ਜੋੜੀ। ਪਾਠ ਦੀ ਸਮਾਪਤੀ ਪਿਛੋਂ ਦੋਹਾਂ ਨੇ ਅਰਦਾਸ ਕੀਤੀ ਤੇ ਆਪਣੇ ਇਸ ਔਖੇ ਕਾਰਜ ਵਿੱਚ ਸਫ਼ਲਤਾ ਲਈ ਅਕਾਲ ਪੁਰਖ ਪਾਸੋਂ ਸਹਾਇਤਾ ਦੀ ਮੰਗ ਕੀਤੀ। ਦੋਵੇਂ ਆਪੋ ਵਿੱਚ ਸਲਾਹ ਮਸ਼ਵਰਾ ਕਰਨ ਲਗੇ ਕਿ ਸਤਿਗੁਰੂ ਦੀ ਕ੍ਰਿਪਾ ਸਦਕਾ ਕਈ ਕਿਸਮ ਦੇ ਭੇਸ ਵਟਾ ਕੇ ਇਥੇ ਤਕ ਬਿਨਾਂ ਕਿਸੇ ਵਿਘਨ ਦੇ ਪੁੱਜ ਗਏ ਹਾਂ, ਪਰ ਅੱਗੋਂ ਕੀ ਉਪਰਾਲਾ ਕੀਤਾ ਜਾਵੇ? ਸੁਆਲ ਦੁਸ਼ਟ ਮੱਸੇ ਦੇ ਸਿਰ ਸਮੇਤ ਵਾਪਸ ਬੀਕਾਨੇਰ ਪੁੱਜਣ ਦਾ ਹੈ ਤਾਂ ਕਿ ਸਿੰਘਾਂ ਦੇ ਤਪਦੇ ਹਿਰਦੇ ਸ਼ਾਂਤ ਹੋ ਸਕਣ। ਜੇਕਰ ਸੁਆਲ ਸਿਰਫ ਮੱਸੇ ਨੂੰ ਕਤਲ ਕਰਨ ਦਾ ਹੀ ਹੁੰਦਾ ਤਾਂ ਇਹ ਕਾਰਨਾਮਾ ਤਾਂ ਭਾਈ ਬੁਲਾਕਾ ਸਿੰਘ ਨੇ ਹੀ ਕਰ ਦੇਣਾ ਸੀ, ਉਹ ਕੋਈ ਮੌਤ ਤੋਂ ਡਰਨ ਵਾਲਾ ਥੋੜ੍ਹਾ ਸੀ। ਗੱਲ ਤਾਂ ਮੱਸੇ ਦਾ ਸਿਰ ਵੱਢ ਕੇ ਜਥੇਦਾਰ ਦੇ ਚਰਨਾਂ ਵਿੱਚ ਪੇਸ਼ ਕਰਨ ਦੀ ਹੈ।

ਹੁਣ ਦੋਹਾਂ ਨੇ ਸਲਾਹ ਕੀਤੀ ਕਿ ਨੇੜੇ ਹੀ ਘੁਮਿਆਰ ਦਾ ਆਵਾ ਹੈ, ਉਥੇ ਜਾ ਕੇ ਘੜੇ ਖਰੀਦ ਕੇ ਉਹਨਾਂ ਨੂੰ ਭੰਨ ਕੇ ਠੀਕਰੀਆਂ ਥੈਲੀਆਂ ਵਿੱਚ ਪਾ ਲਈਏ; ਉਹ ਮੋਹਰਾਂ ਵਰਗੀ ਛਣਕਾਰ ਦੇ ਸਕਣਗੀਆਂ। ਰਾਤ ਨੂੰ ਘੋੜਿਆਂ ਨੂੰ ਵੀ ਪੂਰਾ ਆਰਾਮ ਦਿੱਤਾ ਜਾਏ, ਤਾਂ ਕਿ ਮੱਸੇ ਦਾ ਸਿਰ ਵੱਢਣ ਤੋਂ ਬਾਅਦ ਬੀਕਾਨੇਰ ਦਾ ਵਾਪਸੀ ਪੰਧ ਤੇਜ਼ੀ ਨਾਲ ਮੁਕਾਇਆ ਜਾ ਸਕੇ। ਦੋਹਾਂ ਸੂਰਮਿਆਂ ਨੇ ਚੌਧਰੀਆਂ ਦੇ ਭੇਸ ਵਿੱਚ ਘੁਮਿਆਰ ਪਾਸੋਂ ਘੜੇ ਖਰੀਦੇ ਤੇ ਅੱਗੇ ਜਾ ਕੇ ਉਹਨਾਂ ਨੂੰ ਤੋੜ ਕੇ ਖਾਲੀ ਥੈਲੀਆਂ ਵਿੱਚ ਭਰ ਲਿਆ। ਸਾਰਾ ਇੰਤਜ਼ਾਮ ਮੁਕੰਮਲ ਕਰ ਕੇ ਕਰਤਾਰ ਦਾ ਸ਼ੁਕਰ ਕਰਦਿਆਂ ਦੋਹਾਂ ਨੇ ਸੋਹਿਲੇ ਦਾ ਪਾਠ ਕੀਤਾ ਤੇ ਅਗਲੇ ਦਿਨ ਦਾ ਸਾਰਾ ਪ੍ਰੋਗਰਾਮ ਤੈਅ ਕਰਕੇ ਸੌਂ ਗਏ। ਦੂਜੇ ਦਿਨ ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਬਾਅਦ ਸਿੰਘ ਘੋੜਿਆਂ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਵੱਲ ਚੱਲ ਪਏ। ਆਪਣੇ ਮੂੰਹ ਢੱਕ ਲਏ, ਤਹਿਮਤਾਂ ਬੱਧੀਆਂ ਹੋਈਆਂ ਸਨ ਤੇ ਵੱਡੇ-ਵੱਡੇ ਆਕਾਰ ਦੀਆਂ ਪੱਗਾਂ ਬੱਧੀਆਂ ਹੋਈਆਂ ਸਨ। ਘੋੜਿਆਂ ਤੇ ਲੱਦੀਆਂ ਥੈਲੀਆਂ ਅਤੇ ਉਹਨਾਂ ਦੀ ਬਹੁਤ ਢਿੱਲੀ ਜਿਹੀ ਪੁਸ਼ਾਕ ਤੋਂ ਸਾਫ਼ ਪ੍ਰਤੀਤ ਹੁੰਦਾ ਸੀ ਕਿ ਇਹ ਵੀ ਕਿਸੇ ਪਿੰਡ ਦੇ ਚੌਧਰੀ ਜਾਂ ਨੰਬਰਦਾਰ ਹੀ ਹਨ, ਜੋ ਮੱਸੇ ਦੀਆਂ ਤਾਜ਼ਾ ਹਿਦਾਇਤਾਂ ਮੁਤਾਬਕ ਮਾਮਲਾ ਜਮ੍ਹਾਂ ਕਰਾਉਣ ਜਾ ਰਹੇ ਹਨ। ਸਿੰਘ ਘੋੜੇ ਦੁੜਾਉਂਦੇ ਪਰਕਰਮਾ ਵਿੱਚ ਪੁੱਜੇ। ਦੁਪਹਿਰ ਦਾ ਸਮਾਂ ਸੀ, ਮੁਗ਼ਲ ਫ਼ੌਜ ਦੇ ਸਿਪਾਹੀ ਪਰਕਰਮਾ ਵਿੱਚ ਥਾਂ-ਥਾਂ ਆਰਾਮ ਕਰ ਰਹੇ ਸਨ। ਸਿੰਘਾਂ ਨੇ ਅਰਦਾਸ ਕੀਤੀ, **'ਹੇ ਵਾਹਿਗੁਰੂ ! ਸੇਵਕਾਂ ਦੀ ਲਾਜ ਰੱਖਣੀ ਅਤੇ ਬਖ਼ਸ਼ਸ਼ ਕਰਨੀ ਕਿ ਮੱਸੇ ਦਾ ਸਿਰ ਵੱਢ ਕੇ, ਬਿਨਾਂ ਕਿਸੇ ਰੋਕ-ਟੋਕ ਦੇ ਵਾਪਸ ਪੁੱਜ ਸਕੀਏ'** :



ਕ੍ਰਿਪਾ ਕਰੋ ਕੋਈ ਸਤਿਗੁਰੂ ! ਬਾਤ ਬਨਾਉ।
ਜਾਇ ਮਸੈ ਕੋ ਸਿਰ ਕਟੈਂ, ਨਹਿ ਰਸਤੇ ਹੁਇ ਅਟਕਾਉ।

ਫਿਰ ਘੋੜਿਆਂ ਸਮੇਤ ਪਰਿਕਰਮਾ ਅੰਦਰ ਆਉਣ ਦੀ ਬੇਅਦਬੀ ਦੀ ਭੁੱਲ ਦੀ ਖਿਮਾਂ ਮੰਗੀ। ਸਿਪਾਹੀਆਂ ਦੇ ਆਰਾਮ ਕਰ ਰਹੇ ਹੋਣ ਕਰਕੇ ਬਗੈਰ ਕਿਸੇ ਰੁਕਾਵਟ ਦੇ ਦੋਵੇਂ ਦਰਸ਼ਨੀ ਡਿਓੜ੍ਹੀ ਤਕ ਪੁੱਜ ਗਏ। ਘੋੜਿਆਂ ਨੂੰ ਲਾਚੀ ਬੇਰ ਨਾਲ ਬੰਨ੍ਹ ਦਿੱਤਾ ਤੇ 'ਮਾਮਲੇ' ਦੀਆਂ ਥੈਲੀਆਂ ਆਪਣੇ ਮੋਢਿਆਂ 'ਤੇ ਚੁੱਕ ਕੇ ਪੁਲ ਦੇ ਰਸਤੇ ਹਰਿਮੰਦਰ ਸਾਹਿਬ ਵੱਲ ਚੱਲ ਪਏ।

ਮੋਢੇ 'ਤੇ ਮਾਮਲੇ (ਠੀਕਰੀਆਂ) ਦੀਆਂ ਥੈਲੀਆਂ ਤੇ ਹੱਥ ਵਿੱਚ ਕਿਰਪਾਨਾ ਸਨ। ਬਗੈਰ ਝਿਜਕ ਦੋਵੇਂ ਹਰਿਮੰਦਰ ਸਾਹਿਬ ਪੁੱਜ ਗਏ। ਅੱਗੇ ਪ੍ਰਕਾਸ਼ ਅਸਥਾਨ ਤੇ ਮੱਸਾ ਆਪਣੇ ਕਾਲ-ਸੇਜਾ ਰੂਪੀ ਪਲੰਘ ਉੱਤੇ ਬੈਠਾ ਹੁੱਕਾ ਗੁੜਗੁੜਾ ਰਿਹਾ ਸੀ; ਅਧਰਮ ਅਰ ਪਾਪ ਦਾ ਮੂਲ ਵੇਸਵਾ ਆਪਣਾ ਪਾਪਾਂ ਭਰਿਆ ਨਾਚ ਨੱਚ ਕੇ ਮੱਸੇ ਨੂੰ ਖੁਸ਼ ਕਰ ਰਹੀ ਸੀ। ਜਿਥੇ ਕਦੀ ਕੀਰਤਨ ਦੀਆਂ ਧੁਨਾਂ ਗੂੰਜਦੀਆਂ ਸਨ, ਉਥੇ ਮਿਰਾਸੀ ਜ਼ਲੀਲ ਰਾਗ ਤੇ ਤਾਨਾਂ ਅਲਾਪ ਰਹੇ ਸਨ। ਸ਼ਰਾਬ ਦੇ ਪਿਆਲੇ ਪੀਤੇ ਜਾ ਰਹੇ ਸਨ। ਸਿੰਘਾਂ ਲਈ ਇਹ ਜਰਨਾ ਕਠਨ ਸੀ, ਪਰ ਨੀਤੀ ਵੱਸ ਚੁੱਪ ਰਹੇ ਤੇ ਅੱਗੇ ਵਧੇ। ਥੈਲੀਆਂ ਚੁੱਕੀ ਚੌਧਰੀਆਂ ਨੂੰ ਦਰਬਾਰ ਵਿੱਚ ਦਾਖ਼ਲ ਹੁੰਦਿਆਂ ਦੇਖ ਕੇ ਮੱਸੇ ਨੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਤੇ ਪੁੱਛਣ ਲੱਗਾ :—

"ਭਈ ਕਿਹੜੇ ਪਿੰਡੋਂ ਆਏ ਹੋ?
ਸ਼ਾਇਦ ਜਦ ਦਾ ਮੈਂ ਗੱਦੀ 'ਤੇ ਬੈਠਾ ਹਾਂ,
ਤੁਸੀਂ ਪਹਿਲੀ ਵੇਰ ਹੀ ਦਰਸ਼ਨ ਦਿੱਤੇ ਨੇ।"



ਚੌਧਰੀਆਂ ਦੇ ਭੇਸ ਵਿੱਚ ਸੁੱਖਾ ਸਿੰਘ ਨੇ ਕਿਹਾ, "**ਅਰਸੇ ਤੋਂ ਹਿਸਾਬ ਕਰਨ ਬਾਰੇ ਸੋਚ ਰਹੇ ਸਾਂ। ਹੁਣ ਸੋਚਿਆ, ਹਿਸਾਬ ਤਾਂ ਆਪ ਨਾਲ ਕਿਸੇ ਦਿਨ ਕਰਨਾ ਹੀ ਪੈਣਾ ਹੈ, ਸੋ ਆ ਪਹੁੰਚੇ। ਨਾਲੇ ਇੱਜ਼ਤ ਤੇ ਗੈਰਤ ਵਾਲੇ ਸਦਾ ਆਪਣਾ ਪਿਛਲਾ ਹਿਸਾਬ ਸਮੇਂ ਸਿਰ ਸਾਫ਼ ਕਰ ਲੈਂਦੇ ਹਨ।**" ਸਰਦਾਰ ਸੁੱਖਾ ਸਿੰਘ ਨੇ ਰਮਜ਼ ਨਾਲ ਸਾਰੀ ਗੱਲ ਕਹਿ ਦਿੱਤੀ, ਜਿਸ ਨੂੰ ਸਮਝਣਾ ਮੱਸੇ ਦੇ ਵੱਸ ਦੀ ਗੱਲ ਨਹੀਂ ਸੀ।

ਸਿੰਘਾਂ ਨੇ ਆਪਣੇ ਮੋਢਿਆਂ 'ਤੇ ਚੁੱਕੀਆਂ ਥੈਲੀਆਂ ਮੱਸੇ ਦੇ ਸਾਹਮਣੇ ਕਰਦਿਆਂ ਉਸ ਦੇ ਪਲੰਘ ਦੇ ਹੇਠਾਂ ਕਰਕੇ ਸੁੱਟੀਆਂ।

ਮੱਸੇ ਨੇ ਥੈਲੀਆਂ ਚੁੱਕਣ ਲਈ ਸਿਰ ਨੂੰ ਜ਼ਰਾ ਕੁ ਪਲੰਘ ਤੋਂ ਹੇਠਾਂ ਝੁਕਾਇਆ ਹੀ ਸੀ ਕਿ ਬਿਜਲੀ ਵਰਗੀ ਤੇਜ਼ੀ ਨਾਲ ਮਹਿਤਾਬ ਸਿੰਘ ਨੇ ਕਿਰਪਾਨ ਕੱਢੀ ਤੇ ਪਲਾਂ ਵਿੱਚ ਹੀ ਮੱਸੇ ਦੇ ਸਿਰ ਨੂੰ ਧੜ ਨਾਲੋਂ ਅੱਡ ਕਰ ਇਸ ਤਰ੍ਹਾਂ ਪਟਕਾਇਆ ਜਿਵੇਂ ਘੁਮਿਆਰ ਚੱਕ ਉਤੋਂ ਭਾਂਡਾ ਉਤਾਰਦਾ ਹੈ ਜਾਂ ਵੇਲ ਨਾਲੋਂ ਖਿੱਚ ਕੇ ਕੱਦੂ ਉਤਾਰਿਆ ਜਾਂਦਾ ਹੈ। ਵੇਸਵਾ ਨੂੰ ਨੱਚਣਾ ਭੁੱਲ ਗਿਆ। ਮਿਰਾਸੀਆਂ ਦੇ ਰੰਗ ਫੱਕ ਹੋ ਗਏ।

ਸੁੱਖਾ ਸਿੰਘ ਨੇ ਚੰਡਾਲ ਚੌਂਕੜੀ ਦਾ ਸਫ਼ਾਇਆ ਕੀਤਾ ਤੇ ਮੱਸੇ ਦੇ ਸਿਰ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਦੋਹਾਂ ਨੇ ਲਾਚੀ ਬੇਰ ਦੇ ਨਾਲ ਬੱਧੇ ਘੋੜਿਆਂ ਕੋਲ ਆ ਕੇ ਸਿਰ ਕੱਢਿਆ।

ਮੱਸੇ ਦਾ ਸਿਰ ਨੇਜ਼ੇ 'ਤੇ ਟੰਗ ਲਿਆ। ਸਿੰਘ ਘੋੜਿਆਂ 'ਤੇ ਸਵਾਰ ਹੋ ਕੇ ਅਕਾਲ ਅਕਾਲ ਕਰਦੇ ਪਰਕਰਮਾ ਤੋਂ ਬਾਹਰ ਆਏ। ਪਾਪਾਂ ਦਾ ਬੁਰਜ ਢਾਹ ਕੇ ਸਿੰਘਾਂ ਨੇ ਗੁਰੂ ਦਾ ਸ਼ੁਕਰਾਨਾ ਕੀਤਾ।

ਮੱਸੇ ਦੇ ਕਤਲ ਦੀ ਖ਼ਬਰ ਸੁਣ ਕੇ ਚਾਰੇ ਪਾਸੇ ਹਾਹਾਕਾਰ ਮੱਚ ਗਈ। ਇਸ ਤੋਂ ਪਹਿਲਾਂ ਕਿ ਆਰਾਮ ਕਰ ਰਹੇ ਸਿਪਾਹੀ ਤਿਆਰ ਹੁੰਦੇ, ਸਿੰਘ ਸੂਰਮੇ ਘੋੜਿਆਂ 'ਤੇ ਸਵਾਰ ਹੋ ਕੇ ਦੂਰ ਜਾ ਚੁੱਕੇ ਸਨ। ਸਿੰਘ ਘੋੜਿਆਂ ਨੂੰ ਭਜਾਉਂਦੇ ਹੋਏ ਬੀਕਾਨੇਰ ਵੱਲ ਵਧਦੇ ਜਾ ਰਹੇ ਸਨ।



ਲੰਮਾ ਪੰਧ ਤੈਅ ਕਰਕੇ ਉਹ ਬੀਕਾਨੇਰ ਪੁੱਜੇ ਤੇ ਮੱਸੇ ਦਾ ਸਿਰ ਸੰਗਤਾਂ ਤੇ ਜਥੇਦਾਰ ਦੇ ਸਾਹਮਣੇ ਰੱਖਿਆ। ਸਿੰਘਾਂ ਨੇ ਜੈਕਾਰੇ ਗਜਾਏ। ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਨੇ ਇਹ ਅਦੁੱਤੀ ਕਾਰਨਾਮਾ ਕਰ ਕੇ ਸਿੰਘਾਂ ਵਿੱਚ ਨਵੀਂ ਜਾਗ੍ਰਤੀ ਭਰ ਦਿੱਤੀ ਤੇ ਪੰਥ ਦੋਖੀਆਂ ਨੂੰ ਘਬਰਾਹਟ ਵਿੱਚ ਪਾ ਦਿੱਤਾ। ਸਿੰਘਾਂ ਨੇ ਇਹ ਗੱਲ ਸਾਬਤ ਕਰ ਦਿੱਤੀ ਕਿ ਗੁਰ-ਅਸਥਾਨ ਸਿੱਖਾਂ ਨੂੰ ਆਪਣੀ ਜਾਨ ਨਾਲੋਂ ਵੀ ਵੱਧ ਪਿਆਰੇ ਹਨ। ਸਿੱਖ ਆਪਣੇ ਤੇ ਜ਼ੁਲਮ ਸਹਿ ਸਕਦਾ ਹੈ, ਬੰਦ-ਬੰਦ ਕਟਵਾ ਸਕਦਾ ਹੈ, ਚਰਖੜੀਆਂ ਤੇ ਚੜ੍ਹ ਸਕਦਾ ਹੈ ਪਰ ਆਪਣੇ ਗੁਰਧਾਮਾਂ ਦੀ ਬੇਅਦਬੀ ਸਹਿਣ ਨਹੀਂ ਕਰ ਸਕਦਾ। ਕੌਮਾਂ ਸਦਾ ਕੁਰਬਾਨੀਆਂ ਆਸਰੇ ਜਿਊਂਦੀਆਂ ਹਨ। ਜਿਸ ਕੌਮ ਦੀ ਅਣਖ ਮਰ ਜਾਏ, ਸਮਝੋ ਉਹ ਕੌਮ ਹੀ ਮਰ ਜਾਂਦੀ ਹੈ। ਪਰ ਜਿਹੜੀ ਕੌਮ ਆਈ ਹੋਈ ਬਿਪਤਾ ਤੇ ਮੁਸੀਬਤ ਨੂੰ ਖਿੜੇ ਮੱਥੇ ਹੱਸ ਕੇ ਜਰ ਜਾਂਦੀ ਹੈ, ਉਸ ਦਾ ਇਤਿਹਾਸ ਸੁਨਹਿਰੇ ਪੰਨਿਆਂ 'ਤੇ ਲਿਖਿਆ ਜਾਂਦਾ ਹੈ।

ਭਾਈ ਸੁੱਖਾ ਸਿੰਘ ਜੀ

ਭਾਈ ਸੁੱਖਾ ਸਿੰਘ ਜੀ ਦੇ ਵੱਡੇ ਤਰਖਾਣਾ ਕੰਮ ਕਰਦੇ ਸਨ। ਪਿੰਡ ਮਾੜੀ ਕੰਬੋ ਕੀ, ਜ਼ਿਲ੍ਹਾ ਅੰਮ੍ਰਿਤਸਰ ਸੀ। ਬਾਰਾਂ ਵਰ੍ਹੇ ਦੇ ਸਨ ਕਿ ਅੰਮ੍ਰਿਤ ਛਕ ਲਿਆ। ਜਿੱਥੇ ਵੀ ਸੰਗਤ ਜੁੜਦੀ ਉਚੇਚਾ ਪੁੱਜਦੇ। ਕਿਸੇ ਸਿੰਘ ਦਾ ਪਿੰਡ ਆਉਣਾ ਸੁਣਦੇ ਤਾਂ ਰੱਜ ਕੇ ਟਹਿਲ ਕਰਦੇ। ਮੁਗ਼ਲਾਂ ਨੂੰ ਪਤਾ ਲੱਗਾ ਤਾਂ ਘਰ ਤੇ ਛਾਪਾ ਮਾਰਿਆ। ਉਹ ਬਾਹਰ ਗਏ ਹੋਏ ਸਨ। ਤਾੜਨਾ ਕਰ ਕੇ ਸਿਪਾਹੀ ਤਾਂ ਚਲੇ ਗਏ ਪਰ ਮਾਤਾ ਪਿਤਾ ਫ਼ਿਕਰਮੰਦ ਹੋਏ। ਉਨ੍ਹਾਂ ਬੜਾ ਸਮਝਾਇਆ : 'ਸਾਨੂੰ ਸਿੰਘਾਂ ਨਾਲ ਕੀ? ਅਸੀਂ ਕਿਰਤੀ ਸਾਨੂੰ ਪਾਤਸ਼ਾਹੀਆਂ ਨਾਲ ਕੀ? ਦਿਹਾੜੀ ਮਿਲ ਜਾਏ ਤਾਂ ਬੜੀ ਗੱਲ ਹੁੰਦੀ ਹੈ।' ਘਰ ਲਿਆ ਕੇ ਰਾਤੀਂ ਕੁਝ ਪਿਆਲ ਕੇ ਬੇਹੋਸ਼ੀ ਵਿੱਚ ਕੇਸ ਕਤਲ ਕਰਵਾ ਦਿੱਤੇ। ਜਦ ਹੋਸ਼ ਪਰਤੀ ਤਾਂ ਬਾਪ ਨੂੰ ਮਾਰਨ ਲਈ ਦੌੜੇ, ਪਰ ਫਿਰ ਖੂਹ ਵਿੱਚ ਛਾਲ ਮਾਰ ਦਿੱਤੀ। ਭਰਾ ਨੇ ਕੱਢਿਆ ਤੇ ਸਾਰਿਆਂ ਨੇ ਪਿਤਾ ਦੀ ਲਾਹ ਪਾਹ ਕੀਤੀ। ਇਕ ਸਿੱਖ ਨੇ ਜਦ ਇਹ ਦਸ਼ਾ ਦੇਖੀ ਤਾਂ ਸੁੱਖਾ ਸਿੰਘ ਜੀ ਨੂੰ ਕਿਹਾ ਕਿ ਜੇ ਮਰਨਾ ਹੀ ਮਿਥ ਲਿਆ ਤਾਂ ਸ਼ਹੀਦੀ ਪਾ। ਵਿਅਰਥ ਕਿਉਂ ਜਾਨ ਗਵਾਂਦਾ ਹੈਂ :

ਮਰਨਾ ਹੈ ਮਰ ਤੁਰਕਨ ਸਿਰ ਚਰ।
ਔਰ ਮੌਤ ਕਯੋਂ ਮਰੇਂ ਵਯਰਥ ਕਰ।

ਬੜੀ ਦ੍ਰਿੜ੍ਹਤਾ ਆਈ। ਪੈਂਚ ਦੀ ਘੋੜੀ ਲੈ ਕੇ ਜਥੇਦਾਰ ਸ਼ਾਮ ਸਿੰਘ ਦੇ ਜਥੇ ਆ ਰਲੇ। ਉਨ੍ਹਾਂ ਕੋਲੋਂ ਫਿਰ ਅੰਮ੍ਰਿਤ ਛਕਿਆ। ਜਥੇਦਾਰ ਨੇ ਪਿਆਰ ਪੁੱਤਰਾਂ ਵਾਲਾ ਦਿੱਤਾ।

ਪਹਿਲਾਂ ਖ਼ਿਆਲ ਆਇਆ ਕਿ ਪੈਂਚ ਨੂੰ ਘੋੜੀ ਦਾ ਮੁੱਲ ਜ਼ਰੂਰ ਤਾਰਨਾ ਚਾਹੀਦਾ ਹੈ। ਲਾਹੌਰ ਜੌਹਰੀ ਬਾਜ਼ਾਰ ਵਿੱਚ ਜਿੱਥੇ ਤੁਰਕ ਮੋਹਰਾਂ ਦੀਆਂ ਥੈਲੀਆਂ ਲੈ ਘੁੰਮ ਰਹੇ ਸਨ, ਥੈਲੀ ਉੜਾਈ ਅਤੇ ਘੋੜੀ ਦੀ ਕੀਮਤ ਪਿੰਡ ਭੇਜੀ ਜੋ ਬਾਕੀ ਰੁਪਏ ਬਚੇ ਉਹ ਲੰਗਰ ਵਿੱਚ ਪਾ ਦਿੱਤੇ। ਇਤਨਾ ਉਤਸ਼ਾਹ ਸੀ ਜੋ ਅੜਦਾ ਉਸ ਨੂੰ ਮਾਰ ਮੁਕਾਂਦੇ :

ਉਹ ਮਾਰ ਹਟਾਵੈ ਜੋ ਗੈਲੇ ਪਾਹਿ।

ਸਾਰੇ ਸ਼ਸਤ੍ਰ ਚਲਾਉਣੇ ਆਉਂਦੇ ਸਨ। ਸ਼ੇਰ ਵਾਂਗੂੰ ਝਪਟਦੇ ਤੇ ਫਿਰ ਜਥੇ ਨਾਲ ਰਲ ਵੀ ਜਾਂਦੇ। ਨਿਸ਼ਾਨਚੀ ਵੀ ਕਮਾਲ ਦੇ ਸਨ। ਘੋੜੇ ਤੇ ਚੜ੍ਹੇ ਹੀ ਤੀਰ, ਬੰਦੂਕ ਦਾ ਵਾਰ ਕਰ ਸਕਦੇ ਸਨ। ਸੇਵਾ ਵੀ ਅਟੁਟ ਕਰਦੇ। ਲੰਗਰ ਵਿੱਚ ਲੱਕੜਾਂ ਕੱਟ ਕੇ ਲਿਆਂਦੇ। ਪਿਆਸਿਆਂ ਨੂੰ ਜਲ ਮਸ਼ਕ ਰਾਹੀਂ ਪਿਲਾਂਦੇ। ਕਿਸੇ ਨੂੰ ਭੁੱਖਾ ਵੇਖਦੇ ਤਾਂ ਪੁੱਜ ਕੇ ਰੋਟੀ ਖੁਆਲਦੇ। ਥੱਕਿਆਂ ਦੀ ਮੁੱਠੀ-ਚਾਪੀ ਕਰਦੇ। ਦਾਤਣ ਆਪ ਗੜਵੇ ਵਿੱਚ ਪਾਣੀ ਰੱਖ ਕਰਾਂਦੇ। ਇਸ਼ਨਾਨ ਕਰਾਂਦੇ। ਕੀਰਤਨ ਵੀ ਆਪ ਕਰਦੇ। ਕਿਸੇ ਕਮਰਕੱਸਾ ਘੱਟ ਹੀ ਖੁੱਲ੍ਹਿਆ ਦੇਖਿਆ ਸੀ। ਬੜੀ ਚੜ੍ਹਤ ਸੀ ਭਾਈ ਸੁੱਖਾ ਸਿੰਘ ਜੀ ਦੀ। ਘਰ ਲੜਕੀ ਹੋਈ ਪਰ ਦੇਵਨੇਤ ਜੰਮਦਿਆਂ ਹੀ ਮਰ ਗਈ। ਇਹਨਾਂ ਨੇ ਮੁਗ਼ਲਾਂ ਦੇ ਟਾਕਰੇ ਇਕ ਵਾਰੀ ਇਕੱਲਿਆਂ ਹੀ ਗ੍ਰਾਂਡੀਲ ਮੁਗ਼ਲ ਜਰਨੈਲ 'ਤੇ, ਜਿਸ ਨੇ ਸੰਜੋਅ ਨਾਲ ਆਪਣੇ ਨੂੰ ਢੱਕਿਆ ਹੋਇਆ ਸੀ, ਐਸਾ ਵਾਰ ਕੀਤਾ ਕਿ ਥਾਂ ਹੀ ਚਿੱਤ ਹੋ ਗਿਆ। ਪੰਥ ਨੇ ਬੜਾ ਸਿਰੋਪਾ ਬਖ਼ਸ਼ਿਆ ਤੇ ਘੋੜੇ ਵੀ ਦਿੱਤੇ। ਨੂਰ ਦੀਨ ਦੀ ਸਰਾਂ, ਸੰਘਰ ਕੋਟ, ਮਜੀਠਾ ਤੇ ਕਬਜ਼ੇ ਕੀਤੇ। ਕਰਮੇ ਛੀਨੇ ਨੂੰ ਸਜ਼ਾ ਵੀ ਇਨ੍ਹਾਂ ਹੀ ਦਿੱਤੀ। ਅੰਮ੍ਰਿਤਸਰ ਇਹ ਉਸ ਸਮੇਂ ਦਿਨ ਦਿਹਾੜੇ, ਸਾਰਿਆਂ ਸਾਹਮਣੇ ਇਸ਼ਨਾਨ ਕਰਨ ਗਏ, ਜਦ ਕਾਜ਼ੀ ਦੇ ਕਹਿਣ ਤੇ ਕਿ ਇਹ ਸਾਰਾ ਪ੍ਰਤਾਪ ਸ੍ਰੀ ਅੰਮ੍ਰਿਤਸਰ ਦਾ ਹੈ, ਪਹਿਰੇ ਲਗਵਾ ਦਿੱਤੇ ਸਨ। ਮੁਗ਼ਲ ਬੰਦੂਕਚੀ ਉੱਚੀਆਂ ਮਮਟੀਆਂ ਤੇ ਬਿਠਲਾ ਦਿੱਤੇ। ਆਪ ਜੀ ਨੇ ਫ਼ੌਜਦਾਰ ਨੂੰ ਲਿਖਿਆ ਕਿ

:ਰਾਤ ਨ੍ਹਾਉਂ ਤਬ ਚੋਰ।
ਨ੍ਹਾਵੋਂਗੇ ਮੈ ਦਿਨ ਬਿਖੇ।
ਸ੍ਰੀ ਸਤਿਗੁਰ ਕੇ ਜ਼ੋਰ।

ਸਰਾਂ ਵਾਲੇ ਪਾਸਿਓਂ ਦੁਪਹਿਰ ਪਿਛੋਂ ਸ੍ਰੀ ਅੰਮ੍ਰਿਤਸਰ ਆਏ। ਇਸ਼ਨਾਨ ਕੀਤਾ। ਘੋੜੇ ਨੂੰ ਵੀ ਟੁਭਕੀ ਲੁਆਈ। ਫਿਰ ਤੇਗ ਕੱਢ ਕੇ ਲਲਕਾਰਿਆ :

ਆਵੋ ਕੋ ਸਨਮੁਖ ਹਮ ਪਾਹੀ।
ਨਹੀਂ ਤੋ ਭਜੋ ਛਡ ਹਮਰੋ ਰਾਹੀ।

ਬੱਸ ਐਸਾ ਸੁਣਨਾ ਸੀ ਕਿ ਸਾਰੇ ਭੱਜ ਗਏ।

ਦਸੰਬਰ ਸੰਨ 1751 ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਤੀਜਾ ਹਮਲਾ ਕੀਤਾ। ਮੀਰ ਮੰਨੂੰ ਦੇ ਦੀਵਾਨ ਕੌੜਾ ਮੱਲ ਜੀ (ਜੋ ਸਿੱਖਾਂ ਦੇ ਸ਼ੁਭਚਿੰਤਕ ਤੇ ਮਦਦਗਾਰ ਸਨ) ਦੇ ਕਹਿਣ ਤੇ ਸਿੰਘ ਰਾਵੀ ਨਦੀ ਦੇ ਨੇੜੇ ਜਾ ਡਟੇ। ਇਕ ਦਿਨ ਭਾਈ ਸੁੱਖਾ ਸਿੰਘ ਜੀ ਰਾਵੀ ਤੋਂ ਪਾਰ ਗਏ। ਅਬਦਾਲੀ ਦੇ ਚਾਰ ਦਸਤੇ ਸਿੰਘਾਂ ਤੇ ਪੈ ਗਏ। ਗਹਿਗਚ ਲੜਾਈ ਹੋਈ। ਸੁੱਖਾ ਸਿੰਘ ਜੀ ਦੇ ਮਨ ਵਿਚਾਰ ਆਈ ਕਿ ਜੇ ਅਬਦਾਲੀ ਹੱਥ ਲਗ ਜਾਵੇ ਤਾਂ ਉਸ ਨੂੰ ਪਾਰ ਬੁਲਾ ਕੇ ਮੈਂ ਸ਼ਹੀਦ ਹੋਵਾਂ। ਆਪ ਅੱਗੇ ਵਧੇ ਤੇ 'ਅਹਿਮਦ ਸ਼ਾਹ', 'ਅਹਿਮਦ ਸ਼ਾਹ' ਆਖਦੇ ਲਲਕਾਰੇ ਮਾਰਨ ਲਗੇ। ਉਨ੍ਹਾਂ ਦੀ ਗੱਲ ਕਿਸੇ ਨੂੰ ਸਮਝ ਨਾ ਆਈ ਤੇ ਅਹਿਮਦ ਸ਼ਾਹ ਦਾ ਪਤਾ ਨਾ ਲੱਗਾ। ਕਈ ਗਿਲਜਿਆਂ ਨੂੰ ਮਾਰ ਮੁਕਾਉਂਦੇ ਹੋਏ ਭਾਈ ਸੁੱਖਾ ਸਿੰਘ ਜੀ ਅੰਤ ਸ਼ਹੀਦ ਹੋ ਗਏ।

ਭਾਈ ਮਹਿਤਾਬ ਸਿੰਘ ਜੀ

ਭਾਈ ਮਹਿਤਾਬ ਸਿੰਘ ਅੰਮ੍ਰਿਤਸਰ ਤੋਂ 5 ਮੀਲ ਦੂਰ ਪਿੰਡ ਮੀਰਾਂ ਕੋਟ ਦੇ ਵਸਨੀਕ ਸਨ। ਬੜੇ ਬਹਾਦਰ, ਹਠੀਲੇ ਤੇ ਦ੍ਰਿੜ ਇਰਾਦੇ ਦੇ ਮਾਲਕ ਸਨ।

ਨਾਦਰ ਸ਼ਾਹ ਦੇ ਸੁਚੇਤ ਕੀਤੇ ਹੋਏ, ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੇ ਜਦ ਪੰਜਾਬ ਵਿਚੋਂ ਸਿੱਖਾਂ ਨੂੰ ਮਾਰ-ਮੁਕਾਉਣ ਦਾ ਫੈਸਲਾ ਕਰ ਲਿਆ ਤੇ ਜ਼ੁਲਮਾਂ ਦੀ ਅੱਤ ਕਰ ਦਿੱਤੀ ਤਾਂ ਸਿੱਖ ਪਰਿਵਾਰ ਪਹਾੜਾਂ, ਜੰਗਲਾਂ-ਬੇਲਿਆਂ ਤੇ ਮਾਰੂਥਲਾਂ ਵਿੱਚ ਆ ਗਏ। ਬਹੁਤੇ ਸਿੱਖ ਬੀਕਾਨੇਰ ਦੇ ਰੇਗਿਸਤਾਨ ਵਿੱਚ ਆ ਗਏ। ਭਾਈ ਮਹਿਤਾਬ ਸਿੰਘ ਵੀ ਉਥੇ ਪੁੱਜ ਗਏ।

ਆਪ ਨੇ ਜਦ ਮੱਸਾ ਰੰਘੜ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੰਜਰੀਆਂ ਨਚਾਉਣ, ਸ਼ਰਾਬ ਦੇ ਦੌਰ ਚੱਲਣ ਤੇ ਹੋਰ ਕੁਕਰਮਾਂ ਦੀ ਗੱਲ ਸੁਣੀ ਤਾਂ ਗੁਰੂ-ਪੰਥ ਤੋਂ ਆਗਿਆ ਲੈ ਮੱਸੇ ਨੂੰ ਮਾਰਨ ਤੁਰ ਪਏ। ਨਾਲ ਪਿੰਡ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨੂੰ ਲੈ ਲਿਆ। ਸੰਨ 1740 ਦੇ ਅੱਧ ਵਿੱਚ ਦਿਨ-ਦਿਹਾੜੇ ਪਾਪੀ ਮੱਸੇ ਨੂੰ ਮਾਰ ਮੁਕਾਇਆ।

ਮੱਸੇ ਰੰਘੜ ਦੇ ਪਰਿਵਾਰ ਨੇ ਲਾਹੌਰ ਜਾ ਸ਼ਿਕਾਇਤ ਕੀਤੀ ਕਿ ਸਿੱਖ ਨੌਜੁਆਨਾਂ ਨੇ ਮੱਸੇ ਨੂੰ ਕਤਲ ਕਰ ਦਿੱਤਾ ਹੈ। ਸੁਣ ਕੇ ਜ਼ਕਰੀਆ ਖ਼ਾਨ ਅੱਗ-ਬਬੂਲਾ ਹੋ ਉਠਿਆ। ਉਸ ਨੇ ਉਨ੍ਹਾਂ ਸਾਰੇ ਚੌਧਰੀਆਂ ਨੂੰ ਬੁਲਾ ਲਿਆ ਜੋ ਕਹਿੰਦੇ ਸਨ ਕਿ ਸਿੱਖ ਖ਼ਤਮ ਕਰ ਦਿੱਤੇ ਗਏ ਹਨ। ਇਹ ਚੌਧਰੀ ਸਨ—ਛੀਨੇ ਦਾ ਕਰਮਾ, ਤਲਵੰਡੀ ਦਾ ਰਾਮਾ ਰੰਧਾਵਾ, ਨੌਸ਼ਹਿਰੇ ਢਾਲੇ ਦਾ ਸਾਹਿਬ ਰਾਏ ਅਤੇ ਜੰਡਿਆਲੇ ਦਾ ਹਰਿ ਭਗਤ ਨਿਰੰਜਨੀਆ। ਉਨ੍ਹਾਂ ਨੂੰ ਕਿਹਾ ਗਿਆ ਕਿ ਜਾਂ ਤਾਂ ਮੱਸੇ ਦੇ ਕਾਤਲਾਂ ਨੂੰ ਪੇਸ਼ ਕਰੋ ਤੇ ਇਨਾਮ ਲਵੋ; ਜਾਂ ਫਿਰ ਸਖ਼ਤ ਸਜ਼ਾਵਾਂ ਭੁਗਤਣ ਲਈ ਤਿਆਰ ਹੋ ਜਾਵੋ। ਹਰਿਭਗਤ ਨਿਰੰਜਨੀਏ ਨੇ ਭਾਈ ਮਹਿਤਾਬ ਸਿੰਘ ਜੀ ਤੇ ਭਾਈ ਸੁੱਖਾ ਸਿੰਘ ਦੇ ਨਾਮ ਲਏ। ਸੂਬੇਦਾਰ ਦੇ ਹੁਕਮ ਨਾਲ ਨੂਰਦੀਨ ਫੌਜਦਾਰ ਨੇ ਪਿੰਡ ਮੀਰਾਂ ਕੋਟ ਨੂੰ ਘੇਰ ਲਿਆ। ਭਾਈ ਮਹਿਤਾਬ ਸਿੰਘ ਤਾਂ ਉਥੇ ਹੈ ਨਹੀਂ ਸਨ, ਪਰ ਉਨ੍ਹਾਂ ਦਾ ਪੁੱਤਰ ਰਾਏ ਸਿੰਘ ਪਿੰਡ ਹੀ ਸੀ। ਭਾਈ ਮਹਿਤਾਬ ਸਿੰਘ ਪਿੰਡੋਂ ਜਾਣ ਸਮੇਂ ਉਸ ਨੂੰ ਪਿੰਡ ਦੇ ਪੰਚ ਨੱਥੇ ਖਹਿਰੇ ਕੋਲ ਛਡ ਗਏ ਸਨ। ਨੂਰਦੀਨ ਨੇ ਨੱਥੇ ਨੂੰ ਕਿਹਾ ਕਿ ਲੜਕਾ ਮੇਰੇ ਹਵਾਲੇ ਕਰੋ। ਨੱਥੇ ਦਾ ਦਿਲ ਨਹੀਂ ਮੰਨਿਆ। ਉਹ ਚਾਰ ਹੋਰ ਬੰਦਿਆਂ ਨੂੰ ਨਾਲ ਲੈ ਕੇ, ਰਾਏ ਸਿੰਘ ਨੂੰ ਮੋਢੇ ਤੇ ਚੁੱਕ ਕੇ ਘਰ ਦੇ ਪਿਛਲੇ ਪਾਸਿਉਂ ਪਿੰਡੋਂ ਨਿਕਲ ਗਿਆ। ਪਤਾ ਲੱਗਣ ਤੇ ਨੂਰਦੀਨ ਨੇ ਕੁਝ ਦੂਰ ਜਾ ਕੇ ਘੇਰ ਲਿਆ। ਨੱਥਾ ਤੇ ਉਸਦੇ ਸਾਥੀ ਲੜਦੇ ਮਾਰੇ ਗਏ। ਫ਼ੌਜੀ ਬੱਚੇ ਨੂੰ ਸਖ਼ਤ ਜਖ਼ਮੀ ਕਰਕੇ ਤੇ ਮਰਿਆ ਸਮਝ ਕੇ ਚਲੇ ਗਏ। ਬੱਚਾ ਇਕ ਇਸਤਰੀ ਦੀ ਨਜ਼ਰੀਂ ਪੈ ਗਿਆ। ਉਹ ਉਸ ਨੂੰ ਘਰ ਲੈ ਗਈ। ਟਹਿਲ ਸੇਵਾ ਕਰਨ ਤੇ ਉਹ ਰਾਜ਼ੀ ਹੋ ਗਿਆ।

ਸੰਨ 1745 ਵਿੱਚ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਭਾਈ ਮਹਿਤਾਬ ਸਿੰਘ ਦਾ ਉਨ੍ਹਾਂ ਨਾਲ ਬਹੁਤ ਸਨੇਹ ਸੀ। ਭਾਈ ਮਹਿਤਾਬ ਸਿੰਘ ਨੇ ਮਨ ਬਣਾਇਆ ਕਿ ਭਾਈ ਤਾਰੂ ਸਿੰਘ ਦੇ ਨਾਲ ਹੀ ਸ਼ਹੀਦ ਹੋਣਾ ਹੈ। ਉਹ ਬੀਕਾਨੇਰੋਂ ਚਲ ਪਏ। ਪਰਿਵਾਰ ਨੂੰ ਮਿਲਣ ਪਿੰਡ ਆਏ। ਹਰਿਭਗਤ ਨਿਰੰਜਨੀਏ ਨੇ ਗ੍ਰਿਫ਼ਤਾਰ ਕਰ ਕੇ ਲਾਹੌਰ ਪਹੁੰਚਾ ਦਿੱਤਾ। ਮੌਤ ਜਾਂ ਇਸਲਾਮ ਕਬੂਲ ਕਰਨ ਦੀ ਸਜ਼ਾ ਸੁਣਾਈ ਗਈ। ਭਾਈ ਸਾਹਿਬ ਤਾਂ ਆਏ ਹੀ ਸ਼ਹੀਦ ਹੋਣ ਸਨ। ਸੋ, ਉਨ੍ਹਾਂ ਹੱਸਦਿਆਂ ਮੌਤ ਕਬੂਲ ਕੀਤੀ।

ਭਾਈ ਤਾਰੂ ਸਿੰਘ ਦੇ ਸਾਹਮਣੇ ਹੀ ਭਾਈ ਮਹਿਤਾਬ ਸਿੰਘ ਜੀ ਨੂੰ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।

ਭਾਈ ਮਹਿਤਾਬ ਸਿੰਘ ਦੇ ਸਪੁੱਤਰ ਭਾਈ ਰਾਏ ਸਿੰਘ ਦੇ ਘਰ ਇਕ ਬਾਲਕ ਨੇ ਜਨਮ ਲਿਆ, ਜਿਸ ਦਾ ਨਾਮ ਰਤਨ ਸਿੰਘ ਰਖਿਆ ਗਿਆ। ਭਾਈ ਰਤਨ ਸਿੰਘ (ਭੰਗੂ) ਨੇ ਵੱਡਾ ਹੋ ਕੇ ਇਤਿਹਾਸ ਦੀ ਪ੍ਰਸਿੱਧ ਪੁਸਤਕ 'ਸ੍ਰੀ ਗੁਰ ਪੰਥ ਪ੍ਰਕਾਸ਼' (ਪ੍ਰਾਚੀਨ ਪੰਥ ਪ੍ਰਕਾਸ਼) ਦੀ ਰਚਨਾ ਕੀਤੀ।

(ੳ) ਦੋ ਸਾਲਾ ਸਿੱਖ ਮਿਸ਼ਨਰੀ ਪੱਤਰ ਵਿਹਾਰ ਕੋਰਸ :

ਜਿਸ ਵਿਚ ਹਜ਼ਾਰਾਂ ਨੌਜੁਆਨ ਸਿੱਖ ਵੀਰ ਤੇ ਭੈਣਾਂ ਦਾਖ਼ਲਾ ਲੈ ਕੇ ਘਰ ਬੈਠੇ ਬਿਠਾਏ ਸਿੱਖ ਧਰਮ ਦੀ ਸਹੀ ਤੇ ਪੂਰੀ ਜਾਣਕਾਰੀ ਪ੍ਰਾਪਤ ਕਰਕੇ ਨਿਸ਼ਕਾਮ ਸਿੱਖ ਮਿਸ਼ਨਰੀ ਤਿਆਰ ਹੋ ਰਹੇ ਹਨ। ਪ੍ਰਾਸਪੈਕਟ 6 ਰੁ: ਦੀਆਂ ਡਾਕ ਟਿਕਟਾਂ ਭੇਜ ਕੇ ਕਾਲਜ ਦੇ ਪਤੇ ਤੋਂ ਮੰਗਵਾਉ ਜੀ। (ਦਾਖਲਾ ਫੀਸ ਕੇਵਲ 10 ਰੁ: ਅਤੇ ਹਰ ਤਿਮਾਹੀ ਦੀਆਂ ਪੁਸਤਕਾਂ ਦੀ ਭੇਟਾ ਕੇਵਲ 50 ਰੁ: ਹੈ)

(ਅ) ਸਿੱਖ ਫੁਲਵਾੜੀ ਮਾਸਿਕ ਮੈਗਜ਼ੀਨ :

ਜੋ ਪੰਜਾਬੀ ਤੇ ਹਿੰਦੀ ਵਿਚ 70 ਹਜ਼ਾਰ ਦੀ ਗਿਣਤੀ ਵਿਚ ਛਪ ਰਿਹਾ ਹੈ ਤੇ ਜਿਸ ਰਾਹੀਂ ਘਰ-ਘਰ ਵਿਚ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਦਾ ਸੰਦੇਸ਼ ਪੁੱਜ ਰਿਹਾ ਹੈ। ਸਿੱਖ ਸੰਗਤਾਂ ਵਲੋਂ ਪੁੱਛੇ ਜਾਂਦੇ ਗੁਰਮਤਿ ਸਵਾਲਾਂ ਦੇ ਜਵਾਬ ਵੀ ਦਿੱਤੇ ਜਾਂਦੇ ਹਨ।

(ੲ) ਪ੍ਰਮਾਣੀਕ ਧਾਰਮਿਕ ਲਿਟਰੇਚਰ :

ਸਿੱਖ ਸੰਗਤਾਂ ਨੂੰ ਫ੍ਰੀ ਅਤੇ ਲਾਗਤ ਮਾਤਰ ਕੀਮਤ ਤੇ ਪ੍ਰਮਾਣੀਕ ਖੋਜ ਭਰਪੂਰ ਧਾਰਮਿਕ ਲਿਟਰੇਚਰ ਦਿੱਤਾ ਜਾ ਰਿਹਾ ਹੈ। ਕਾਲਜ ਵਲੋਂ 300 ਦੇ ਲਗਭਗ ਸਿੱਖ ਧਰਮ ਦੇ ਹਰ ਪਹਿਲੂ ਤੇ ਧਾਰਮਿਕ ਪੁਸਤਕਾਂ ਤਿਆਰ ਕੀਤੀਆਂ ਜਾ ਚੁੱਕੀਆਂ ਹਨ।

(ਸ) ਸਿੱਖ ਮਿਸ਼ਨਰੀ (ਰੈਗੂਲਰ) ਕਾਲਜ :

ਇਕਸਾਰ ਗੁਰਮਤਿ ਵਿਚਾਰਧਾਰਾ ਵਾਲੇ ਉੱਚੇ-ਸੁੱਚੇ ਜੀਵਨ ਵਾਲੇ ਮਿਆਰੀ ਧਰਮ-ਪ੍ਰਚਾਰਕ ਤਿਆਰ ਕਰਨ ਲਈ **ਸ੍ਰੀ ਅਨੰਦਪੁਰ ਸਾਹਿਬ**, **ਭੌਰ ਸੈਦਾਂ** (ਜ਼ਿਲ੍ਹਾ ਕੁਰੂਕਸ਼ੇਤਰ, ਹਰਿਆਣਾ), **ਜਲੰਧਰ**, **ਬਰੇਲੀ** (ਯੂ.ਪੀ.), **ਜੰਮੂ** ਅਤੇ **ਟਾਂਗਰਾ** ਵਿਖੇ ਫੁਲ ਟਾਈਮ ਕਾਲਜ ਚੱਲ ਰਹੇ ਹਨ। **ਪਟਿਆਲਾ** ਵਿਚ ਗੁਰਮਤਿ ਸੰਗੀਤ ਅਕੈਡਮੀ ਚੱਲ ਰਹੀ ਹੈ।

(ਹ) ਧਾਰਮਿਕ ਪ੍ਰੀਖਿਆ :

ਹਰ ਸਾਲ ਸਕੂਲਾਂ/ਕਾਲਜਾਂ ਦੇ ਬੱਚਿਆਂ ਦੀ ਧਾਰਮਿਕ ਪ੍ਰੀਖਿਆ ਲੈ ਕੇ ਲਗਭਗ 8,00,000 ਰੁਪਏ ਦੇ ਵਿਸ਼ੇਸ਼ ਇਨਾਮ ਦਿੱਤੇ ਜਾ ਰਹੇ ਹਨ। ਪ੍ਰੀਖਿਆ ਹਰ ਸਾਲ ਅਕਤੂਬਰ/ਨਵੰਬਰ ਦੇ ਮਹੀਨੇ ਵਿਚ ਹੁੰਦੀ ਹੈ। ਸਿਲੇਬਸ ਤੇ ਨਿਯਮ ਕਾਲਜ ਨੂੰ ਚਿੱਠੀ ਲਿਖ ਕੇ ਦੋ ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਮੰਗਵਾਉ ਜੀ।

(ਕ) ਫ਼੍ਰੀ ਲਿਟਰੇਚਰ ਰਾਹੀਂ ਪ੍ਰਚਾਰ :

ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਧਰਮ ਦੇ ਕਿਸੇ ਨਾ ਕਿਸੇ ਪਹਿਲੂ ਤੇ ਹਰ ਮਹੀਨੇ 60000 ਦੇ ਲਗਭਗ ਫ੍ਰੀ ਲਿਟਰੇਚਰ ਸਿੱਖ ਸੰਗਤਾਂ ਵਿਚ ਵੰਡਿਆ ਜਾ ਰਿਹਾ ਹੈ। ਤੁਸੀਂ ਵੀ ਇਹ ਲਿਟਰੇਚਰ ਮੰਗਵਾ ਕੇ ਵੰਡ ਸਕਦੇ ਹੋ। ਇਸ ਫੰਡ ਵਿਚ ਆਪਣੀ ਕਿਰਤ ਦੇ ਦਸਵੰਧ ਦਾ ਕੁਝ ਨਾ ਕੁਝ ਹਿੱਸਾ ਜ਼ਰੂਰ ਪਾਉ ਜੀ।

(ਖ) ਸਿੱਖ ਮਿਸ਼ਨਰੀ ਪਬਲਿਕ ਸਕੂਲ :

ਪੜ੍ਹਾਈ ਦੇ ਨਾਲ-ਨਾਲ ਧਾਰਮਿਕ ਵਿਦਿਆ ਦੇਣ ਲਈ ਸਲੇਮ ਟਾਬਰੀ, ਲੁਧਿਆਣਾ ਵਿਖੇ ਇਹ ਆਦਰਸ਼ਕ ਸਕੂਲ ਖੋਲ੍ਹਿਆ ਗਿਆ ਹੈ।

(ਗ) ਬੱਚਿਆਂ ਤੇ ਨੌਜੁਆਨਾਂ ਲਈ ਵੱਖ-ਵੱਖ ਹਫ਼ਤਾਵਾਰੀ ਧਾਰਮਿਕ ਕਲਾਸਾਂ :

ਇਹਨਾਂ ਕਲਾਸਾਂ ਵਿਚ ਬੱਚਿਆਂ ਤੇ ਨੌਜੁਆਨਾਂ ਨੂੰ ਗੁਰਬਾਣੀ ਦਾ ਸ਼ੁੱਧ ਪਾਠ ਸਿਖਾਇਆ ਜਾਂਦਾ ਹੈ। ਸਿੱਖ

ਇਤਿਹਾਸ ਤੇ ਸਿੱਖ ਸਭਿਆਚਾਰ ਦੀ ਭਰਪੂਰ ਜਾਣਕਾਰੀ ਦੇ ਕੇ ਉਹਨਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਿਆ ਜਾ ਰਿਹਾ ਹੈ। ਤੁਸੀਂ ਆਪਣੇ ਇਲਾਕੇ/ਕਾਲੋਨੀ ਵਿਚ ਲੱਗ ਰਹੀ ਬੱਚਿਆਂ ਦੀ ਫ੍ਰੀ ਹਫਤਾਵਾਰੀ ਧਾਰਮਿਕ ਕਲਾਸ ਵਿਚ ਬੱਚਿਆਂ ਨੂੰ ਭੇਜ ਕੇ ਲਾਭ ਉਠਾ ਸਕਦੇ ਹੋ।

(ਘ) ਗੁਰਪੁਰਬ ਤੇ ਗੁਰਮਤਿ ਸਮਾਗਮ :

ਗੁਰਪੁਰਬ ਤੇ ਹੋਰ ਗੁਰਮਤਿ ਸਮਾਗਮਾਂ ਵਿਚ ਕਥਾ, ਕੀਰਤਨ ਤੇ ਲੈਕਚਰ ਦੀ ਸੇਵਾ ਕਾਲਜ ਵਲੋਂ ਤਿਆਰ 'ਸਿੱਖ ਮਿਸ਼ਨਰੀ' ਪੂਰੀ ਤਨ ਦੇਹੀ ਨਾਲ ਨਿਭਾਅ ਰਹੇ ਹਨ। ਤੁਸੀਂ ਘਰ ਵਿਚ ਜਾਂ ਗੁਰਦੁਆਰੇ ਵਿਚ ਕਿਸੇ ਵੀ ਪ੍ਰੋਗਰਾਮ ਸਮੇਂ ਇਹ ਸੇਵਾ ਕਾਲਜ ਪਾਸੋਂ ਪ੍ਰਾਪਤ ਕਰ ਸਕਦੇ ਹੋ।

(ਙ) ਧਾਰਮਿਕ ਪੁਸਤਕਾਂ ਦੀ ਪ੍ਰਦਰਸ਼ਨੀ :

ਸਕੂਲਾਂ, ਕਾਲਜਾਂ, ਗੁਰਦੁਆਰਿਆਂ ਤੇ ਇਤਿਹਾਸਿਕ ਜੋੜ ਮੇਲਿਆਂ ਤੇ ਕਾਲਜ ਦੇ ਨਿਸ਼ਕਾਮ ਸਿੱਖ ਮਿਸ਼ਨਰੀ ਵੀਰ ਧਾਰਮਿਕ ਲਿਟਰੇਚਰ ਦੀ ਪ੍ਰਦਰਸ਼ਨੀ ਲਗਾ ਕੇ ਸਿੱਖ ਸੰਗਤਾਂ ਨੂੰ ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਲੜ ਲਗਾ ਰਹੇ ਹਨ।

(ਚ) ਗੁਰਬਾਣੀ ਦੇ ਵਿਸ਼ੇਸ਼ ਗੁਟਕੇ :

ਗੁਰਬਾਣੀ ਵਿਆਕਰਣ ਅਨੁਸਾਰ ਅਤੇ ਅਰਥਾਂ ਦੀ ਸੁਖੈਨ ਸੋਝੀ, ਯੋਗ ਥਾਵਾਂ ਤੇ ਬਿਸਰਾਮ ਦੇਣ ਲਈ ਖਾਲੀ ਥਾਂ ਛੱਡ ਕੇ, ਵਿਸ਼ੇਸ਼ ਗੁਟਕੇ ਨਿਤਨੇਮ ਅਤੇ ਸੁਖਮਨੀ ਸਾਹਿਬ ਦੇ ਵੱਖ-ਵੱਖ ਸਾਈਜ਼ ਵਿਚ ਤਿਆਰ ਕੀਤੇ ਗਏ ਹਨ ਜਿਹਨਾਂ ਤੋਂ ਪਾਠ ਕਰਨਾ ਸੌਖਾ ਹੈ ਤੇ ਛੇਤੀ ਹੀ ਅਰਥਾਂ ਦੀ ਸੋਝੀ ਹੋ ਜਾਂਦੀ ਹੈ। ਕਾਗਜ਼, ਛਪਾਈ ਤੇ ਜਿਲਦ ਵਧੀਆ ਪਰ ਕੀਮਤ ਲਾਗਤ ਮਾਤਰ ਰੱਖੀ ਗਈ ਹੈ। ਬੱਚਿਆਂ ਨੂੰ ਅਜਿਹੇ ਗੁਟਕਿਆਂ ਤੋਂ ਹੀ ਪਾਠ ਕਰਨ ਦਾ ਅਭਿਆਸ ਕਰਾਉ ਜੀ।

(ਛ) ਅੰਮ੍ਰਿਤ ਸੰਚਾਰ ਤੇ ਗੁਰਮਤਿ ਸਮਾਗਮ :

ਵੱਖ-ਵੱਖ ਸਮੇਂ ਵੱਖ-ਵੱਖਰੀਆਂ ਕਲੋਨੀਆਂ ਵਿਖੇ ਗੁਰਮਤਿ ਸਮਾਗਮ ਤੇ ਅੰਮ੍ਰਿਤ ਸੰਚਾਰ ਕੀਤੇ ਜਾਂਦੇ ਹਨ ਤਾਂ ਕਿ ਸਮੁੱਚੀ ਕੌਮ ਨੂੰ ਅੰਮ੍ਰਿਤਧਾਰੀ ਬਣਾਇਆ ਜਾ ਸਕੇ।

(ਜ) ਬੱਚਿਆਂ ਦੇ ਮੁਕਾਬਲੇ :

ਬੱਚਿਆਂ ਦੇ ਵਿਸ਼ੇਸ਼ ਕੀਰਤਨ, ਕਵਿਤਾਵਾਂ, ਕਵਿਜ਼ (ਧਾਰਮਿਕ ਪ੍ਰਸ਼ਨੋਤਰੀ) ਤੇ ਲੈਕਚਰ ਮੁਕਾਬਲੇ ਕਰਵਾ ਕੇ ਉਹਨਾਂ ਨੂੰ ਵਿਸ਼ੇਸ਼ ਇਨਾਮਾਂ ਤੇ ਪ੍ਰਮਾਣ ਪੱਤਰਾਂ ਨਾਲ ਸਨਮਾਨਿਆ ਜਾ ਰਿਹਾ ਹੈ।

(ਝ) ਆਡਿਓ ਵੀਡੀਓ ਕੈਸਿਟਾਂ ਅਤੇ ਸੀ. ਡੀਜ਼. :

ਮੌਜੂਦਾ ਸਮੇਂ ਦੀ ਲੋੜ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ ਕਾਲਜ ਵਲੋਂ ਧਰਮ ਪ੍ਰਚਾਰ ਲਈ ਵੱਖ-ਵੱਖ ਵਿਸ਼ਿਆਂ ਤੇ ਸ਼ਬਦ ਵੀਚਾਰ, ਲੈਕਚਰ, ਕਵਿਤਾਵਾਂ ਅਤੇ ਸ਼ਬਦ ਕੀਰਤਨ ਦੀਆਂ ਆਡੀਓ ਵੀਡੀਓ ਕੈਸਟਾਂ ਅਤੇ ਸੀ. ਡੀਜ਼. ਤਿਆਰ ਕੀਤੀਆਂ ਗਈਆਂ ਹਨ।

(ਞ) ਸਮਾਜ ਭਲਾਈ ਕਾਰਜ :

ਉਪਰੋਕਤ ਪ੍ਰਾਜੈਕਟਾਂ ਤੋਂ ਸਿਵਾ ਲਾਇਬ੍ਰੇਰੀਆਂ, ਡਿਸਪੈਂਸਰੀਆਂ ਕਈ ਸਰਕਲਾਂ ਵਿਚ ਚੱਲ ਰਹੀਆਂ ਹਨ। ਲੋੜਵੰਦ ਬੱਚਿਆਂ ਨੂੰ ਫੀਸ, ਫ੍ਰੀ ਕਿਤਾਬਾਂ, ਕਾਪੀਆਂ ਵੀ ਸਰਕਲ ਪੱਧਰ ਤੇ ਦਿੱਤੀਆਂ ਜਾ ਰਹੀਆਂ ਹਨ। ਸਿੱਖ ਬੱਚਿਆਂ ਦੇ ਰਿਸ਼ਤਿਆਂ ਲਈ ਚੰਡੀਗੜ੍ਹ ਵਿਖੇ ਮੈਟਰੀਮੋਨੀਅਲ ਕੇਂਦਰ ਵੀ ਚੱਲ ਰਿਹਾ ਹੈ। ਸਿਕਲੀਗਰਾਂ ਅਤੇ ਵਣਜਾਰੇ ਸਿੱਖਾਂ ਦੀ ਭਲਾਈ ਲਈ ਖ਼ਾਸ ਯਤਨ ਕੀਤੇ ਜਾ ਰਹੇ ਹਨ।